CITY OF VANCOUVER | HOUSING VANCOUVER

# ਖਾਲੀ ਘਰਾਂ 'ਤੇ ਟੈਕਸ

**ਮਹੱਤਵਪੂਰਨ ਆਖਰੀ ਤਾਰੀਖ: ਤੁਹਾਡੇ ਲਈ ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ 2 ਫਰਵਰੀ 2018 ਤੱਕ ਜਮ੍ਹਾਂ ਕਰਾਉਣਾ ਜ਼ਰੂਰੀ ਹੈ।**

2 ਫਰਵਰੀ 2018 ਤੱਕ ਐਲਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਤੁਹਾਡੀ ਪ੍ਰਾਪਰਟੀ ਨੂੰ ਖਾਲੀ ਸਮਝ ਲਿਆ ਜਾਵੇਗਾ ਅਤੇ ਉਸ 'ਤੇ ਪ੍ਰਾਪਰਟੀ ਦੇ 2017 ਵਿੱਚ ਮੁਲਾਂਕਣ ਕੀਤੇ ਟੈਕਸ-ਯੋਗ ਮੁੱਲ ਦੇ 1% ਦਾ ਵੈਕੰਸੀ ਟੈਕਸ (ਖਾਲੀ ਘਰ 'ਤੇ ਟੈਕਸ) ਲਗਾਇਆ ਜਾਵੇਗਾ।

## ਖਾਲੀ ਘਰਾਂ 'ਤੇ ਟੈਕਸ ਸੰਬੰਧੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਿਵੇਂ ਕਰਨਾ ਹੈ

## ਕਦਮ-ਦਰ-ਕਦਮ ਗਾਈਡ

01 ਆਪਣੇ ਅਡਵਾਂਸ ਟੈਕਸ ਨੋਟਿਸ ਦੇ ਮੂਹਰਲੇ ਪਾਸੇ ਤੋਂ ਆਪਣਾ **ਫੋਲੀਓ ਨੰਬਰ** ਅਤੇ **ਐਕਸੈਸ ਕੋਡ** ਪ੍ਰਾਪਤ ਕਰੋ

02 **ਇਸ ਪਰਚੇ ਦੇ ਪਿਛਲੇ ਪਾਸੇ ਸਾਰਣੀ ਦੇਖ** ਕੇ ਪਤਾ ਕਰੋ ਕਿ ਕੀ ਤੁਹਾਨੂੰ ਆਪਣਾ ਐਲਾਨ ਪੂਰਾ ਕਰਨ ਲਈ ਵਾਧੂ ਜਾਣਕਾਰੀ ਦੀ ਲੋੜ ਹੋਵੇਗੀ

03 ਇਸ ਵੈੱਬਸਾਈਟ 'ਤੇ ਜਾਓ: **vancouver.ca/eht-declare**

04 **Submit Declaration** (**ਐਲਾਨ ਜਮ੍ਹਾਂ ਕਰੋ**) 'ਤੇ ਕਲਿੱਕ ਕਰੋ

05 ਆਪਣਾ **Folio number** (**ਫੋਲੀਓ ਨੰਬਰ**) ਅਤੇ **Access code** (**ਐਕਸੈਸ ਕੋਡ**) ਦਾਖਲ ਕਰੋ

06 ਆਪਣੇ **ਸੰਪਰਕ ਵੇਰਵੇ** ਪਾਓ ਅਤੇ **ਆਪਣੀ ਪ੍ਰਾਪਰਟੀ ਦੀ ਸਥਿਤੀ ਚੁਣੋ**

07 ਆਪਣਾ 2017 ਲਈ ਐਲਾਨ ਜਮ੍ਹਾਂ ਕਰਨ ਲਈ "**Declare**" (**ਐਲਾਨ ਕਰੋ**) 'ਤੇ ਕਲਿੱਕ ਕਰੋ

08 ਤੁਹਾਨੂੰ **ਈਮੇਲ ਦੁਆਰਾ ਆਪਣੇ ਐਲਾਨ ਦੀ ਪੁਸ਼ਟੀ** ਪ੍ਰਾਪਤ ਹੋਵੇਗੀ

ਯਕੀਨੀ ਬਣਾਓ ਕਿ ਤੁਸੀਂ ਆਪਣੇ ਐਲਾਨ ਵਿੱਚ ਜੋ ਜਾਣਕਾਰੀ ਮੁਹੱਈਆ ਕਰਦੇ ਹੋ ਉਹ ਬਿਲਕੁਲ ਸਹੀ ਅਤੇ ਦਰੁਸਤ ਹੈ, ਕਿਉਂਕਿ ਝੂਠਾ ਐਲਾਨ ਕਰਨ ਦੇ ਨਤੀਜੇ ਵਜੋਂ ਟੈਕਸ ਦੇ ਭੁਗਤਾਨ ਦੇ ਇਲਾਵਾ, ਅਪਰਾਧ ਜਾਰੀ ਰਹਿਣ ਦੇ ਪ੍ਰਤੀ ਦਿਨ $10,000 ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਤੁਸੀਂ ਕਿਸੇ ਹੋਰ ਨੂੰ ਆਪਣੀ ਤਰਫ਼ੋਂ ਐਲਾਨ ਜਮ੍ਹਾਂ ਕਰਨ ਦੀ ਇਜਾਜ਼ਤ ਦੇ ਸਕਦੇ ਹੋ।

ਹੋਰ ਜਾਣਕਾਰੀ ਲਈ **vancouver.ca/eht** 'ਤੇ ਜਾਓ ਜਾਂ 3-1-1 'ਤੇ ਕਾਲ ਕਰੋ।

CITY OF VANCOUVER | HOUSING VANCOUVER

# ਖਾਲੀ ਘਰਾਂ 'ਤੇ ਟੈਕਸ

## ਤੁਹਾਡਾ ਐਲਾਨ ਜਮ੍ਹਾਂ ਕਰਨ ਲਈ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ

ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਦੀ ਸਮੀਖਿਆ ਕਰੋ ਅਤੇ ਯਕੀਨੀ ਬਣਾਓ ਕਿ ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਰਦੇ ਸਮੇਂ ਤੁਹਾਡੇ ਕੋਲ ਸਾਰੀ ਲੋੜੀਂਦੀ ਜਾਣਕਾਰੀ ਹੈ।

**ਸਿਰਫ ਪ੍ਰਾਪਰਟੀ ਦੀਆਂ ਹੇਠਾਂ ਦਿੱਤੀਆਂ ਸਥਿਤੀਆਂ ਦੇ ਤਹਿਤ ਆਉਣ ਵਾਲੀਆਂ ਪ੍ਰਾਪਰਟੀਆਂ ਦੇ ਮਾਲਕਾਂ ਨੂੰ ਹੀ ਐਲਾਨ ਕਰਦੇ ਸਮੇਂ ਵਾਧੂ ਜਾਣਕਾਰੀ ਦੇਣ ਦੀ ਲੋੜ ਹੈ:**

| 2017 ਵਿੱਚ ਪ੍ਰਾਪਰਟੀ ਦੀ ਸਥਿਤੀ | ਐਲਾਨ ਕਰਦੇ ਸਮੇਂ ਲੋੜੀਂਦੀ ਜਾਣਕਾਰੀ |
|---|---|
| ਪ੍ਰਾਪਰਟੀ ਨੂੰ ਲਗਾਤਾਰ 30 ਜਾਂ ਵੱਧ ਦਿਨਾਂ ਦੀਆਂ ਮਿਆਦਾਂ ਵਿੱਚ, ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ ਕਿਰਾਏ 'ਤੇ ਦਿੱਤਾ ਗਿਆ ਸੀ। | • ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪ੍ਰਾਪਰਟੀ ਨੂੰ ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ, ਤੁਹਾਡੇ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਦੁਆਰਾ ਮੁੱਖ ਰਿਹਾਇਸ਼ ਦੇ ਵਜੋਂ ਵਰਤਿਆ ਗਿਆ ਸੀ। | • ਉਸ ਪਰਿਵਾਰ ਦੇ ਮੈਂਬਰ ਜਾਂ ਦੋਸਤ ਦਾ ਪੂਰਾ ਨਾਮ ਅਤੇ ਫੋਨ ਨੰਬਰ ਜੋ ਪ੍ਰਾਪਰਟੀ ਵਿੱਚ ਰਹਿੰਦਾ ਸੀ |
| ਪ੍ਰਾਪਰਟੀ ਤੁਹਾਡੀ ਮੁੱਖ ਰਿਹਾਇਸ਼ ਨਹੀਂ ਸੀ ਪਰ ਤੁਸੀਂ ਵੈਨਕੂਵਰ ਸ਼ਹਿਰ ਦੇ ਅੰਦਰ ਫੁੱਲ-ਟਾਈਮ ਕੰਮ ਲਈ ਸਾਲ ਦੇ ਘੱਟੋ-ਘੱਟ 180 ਦਿਨਾਂ ਲਈ ਇਸ ਵਿੱਚ ਰਹੇ ਹੋ। | • ਤੁਹਾਡੇ ਰੁਜ਼ਗਾਰਦਾਤਾ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਦਾ ਜਾਂ ਤਾਂ:<br>• ਪੁਨਰ-ਵਿਕਾਸ ਹੋ ਰਿਹਾ ਹੈ ਜਾਂ ਮੁੱਖ ਸੁਧਾਰ ਹੋ ਰਹੇ ਹਨ ਜਿੱਥੇ ਪਰਮਿਟ ਜਾਰੀ ਕੀਤੇ ਗਏ ਹਨ, ਜਾਂ<br>• ਜ਼ਮੀਨਾਂ ਖਾਲੀ ਹਨ, ਵਿਰਾਸਤੀ ਸੰਪਤੀ ਹਨ ਜਾਂ ਪੜਾਅ ਵਾਰ ਵਿਕਾਸ ਦਾ ਹਿੱਸਾ ਹਨ ਜਿਨ੍ਹਾਂ ਲਈ ਦਰਖਾਸਤਾਂ ਸਮੀਖਿਆ ਅਧੀਨ ਹਨ। | • ਪਰਮਿਟ ਨੰਬਰ<br>• ਉਸਾਰੀ ਪ੍ਰੋਜੈਕਟ ਦਾ ਸੰਖੇਪ ਵਿਵਰਣ |
| 180 ਤੋਂ ਵੱਧ ਦਿਨਾਂ ਲਈ ਪ੍ਰਾਪਰਟੀ ਵਿੱਚ ਕੋਈ ਨਹੀਂ ਰਹਿੰਦਾ ਸੀ ਕਿਉਂਕਿ ਕਾਬਜ਼, ਕਿਰਾਏਦਾਰ, ਜਾਂ ਉਪ-ਕਿਰਾਏਦਾਰ ਡਾਕਟਰੀ ਦੇਖਭਾਲ ਦੇ ਅਧੀਨ ਸੀ ਜਾਂ ਕਿਸੇ ਹਸਪਤਾਲ, ਲੰਮੀ-ਮਿਆਦ ਦੀ ਜਾਂ ਸਹਾਇਕ ਦੇਖਭਾਲ ਸਹੂਲਤ ਵਿੱਚ ਰਹਿ ਰਿਹਾ ਸੀ। | • ਦੇਖਭਾਲ ਪ੍ਰਾਪਤ ਕਰ ਰਹੇ ਵਿਅਕਤੀ ਦਾ ਨਾਮ<br>• ਡਾਕਟਰੀ ਸਹੂਲਤ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਕਿਸੇ ਅਦਾਲਤੀ ਹੁਕਮ, ਅਦਾਲਤੀ ਕਾਰਵਾਈਆਂ, ਜਾਂ ਇਸ ਅੰਦਰ ਰਹਿਣ ਤੋਂ ਮਨ੍ਹਾਂ ਕਰਨ ਵਾਲੇ ਕਿਸੇ ਸਰਕਾਰੀ ਆਦੇਸ਼ ਦੇ ਅਧੀਨ ਸੀ। | • ਅਦਾਲਤ ਦੀ ਫਾਈਲ/ਆਦੇਸ਼ ਦਾ ਨੰਬਰ |

## ਤੁਹਾਡੇ ਵੱਲੋਂ ਐਲਾਨ ਜਮ੍ਹਾਂ ਕਰਨ ਦੇ ਬਾਅਦ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ

ਪ੍ਰਾਪਰਟੀ ਦੀ ਸਥਿਤੀ ਦੀ ਘੋਸ਼ਣਾ ਇੱਕ ਆਡਿਟ ਪ੍ਰਕਿਰਿਆ ਦੇ ਅਧੀਨ ਹੋਵੇਗੀ। ਜੇ ਤੁਹਾਡੀ ਪ੍ਰਾਪਰਟੀ ਨੂੰ ਕਿਸੇ ਆਡਿਟ ਲਈ ਚੁਣਿਆ ਜਾਂਦਾ ਹੈ, ਤਾਂ ਤੁਹਾਨੂੰ ਆਪਣੇ ਐਲਾਨ ਦੇ ਸਮਰਥਨ ਵਿੱਚ ਸਬੂਤ ਮੁਹੱਈਆ ਕਰਨ ਲਈ ਕਿਹਾ ਜਾਵੇਗਾ। ਅਜਿਹਾ ਸਬੂਤ ਮੁਹੱਈਆ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਪ੍ਰਾਪਰਟੀ ਨੂੰ ਖਾਲੀ ਮੰਨ ਲਿਆ ਜਾਵੇਗਾ ਅਤੇ ਇਸ 'ਤੇ ਵੈਕੰਸੀ ਟੈਕਸ ਲਗਾਇਆ ਜਾਵੇਗਾ। ਲੋੜੀਂਦੇ ਸਬੂਤ ਵਿੱਚ ਹੇਠਾਂ ਦਿੱਤੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ, ਪਰ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:

- ICBC ਵਾਹਨ ਬੀਮਾ ਅਤੇ ਰਜਿਸਟ੍ਰੇਸ਼ਨ
- ਸਰਕਾਰ ਦੁਆਰਾ ਜਾਰੀ ਨਿੱਜੀ ਪਛਾਣ ਦਾ ਸਬੂਤ, ਜਿਸ ਵਿੱਚ ਡ੍ਰਾਈਵਰ ਦਾ ਲਾਇਸੈਂਸ, BCID ਕਾਰਡ, ਬ੍ਰਿਟਿਸ਼ ਕੋਲੰਬੀਆ ਸਰਵਿਸਿਜ਼ ਕਾਰਡ ਸ਼ਾਮਲ ਹਨ
- ਮੈਡੀਕਲ ਸਰਵਿਸਿਜ਼ ਪਲਾਨ ਦਾ ਇਨਵੋਇਸ
- ਇਨਕਮ ਟੈਕਸ ਦੇ ਰਿਟਰਨ ਅਤੇ ਮੁਲਾਂਕਣ ਦੇ ਨੋਟਿਸ, ਕਿਰਾਏ ਤੋਂ ਆਮਦਨ ਦੀਆਂ ਅਨੁਸੂਚੀਆਂ ਸਮੇਤ
- ਰੁਜ਼ਗਾਰ ਦੇ ਇਕਰਾਰਨਾਮੇ, ਤਨਖਾਹ ਦੀਆਂ ਸਟੇਟਮੈਂਟਾਂ ਜਾਂ ਰੁਜ਼ਗਾਰ ਦੇ ਰਿਕਾਰਡ
- ਘਰ ਦੇ ਮਾਲਕ ਦੀ ਬੀਮਾ ਪਾਲਿਸੀ
- ਕਿਰਾਏਦਾਰੀ ਇਕਰਾਰਨਾਮਾ(ਇਕਰਾਰਨਾਮੇ)
- ਬੈਂਕ ਸਟੇਟਮੈਂਟਾਂ